# ਹਿੰਸਾ ਤੋਂ ਜੀਵਿਤ ਬਚੇ ਹੋਏ ਵਿਅਕਤੀ ਅਤੇ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਦਾ ਛੁੱਟੀ ਅਤੇ ਰਿਹਾਇਸ਼ ਦਾ ਅਧਿਕਾਰ

Civil Rights Department
STATE OF CALIFORNIA

**ਤੱਥ ਸ਼ੀਟ**

ਨੋਟ: ਮਾਲਕਾਂ ਨੂੰ ਇਹ ਜਾਣਕਾਰੀ ਕਰਮਚਾਰੀਆਂ ਨੂੰ ਰੁਜ਼ਗਾਰ ਦੇਣ ਸਮੇਂ, ਹਰ ਸਾਲ, ਬੇਨਤੀ ਕਰਨ 'ਤੇ, ਅਤੇ ਕਿਸੇ ਵੀ ਕਰਮਚਾਰੀ ਨੂੰ ਪਰਦਾਨ ਕਰਨੀ ਚਾਹੀਦੀ ਹੈ ਜੋ ਮਾਲਕ ਨੂੰ ਸੂਚਿਤ ਕਰਦਾ ਹੈ ਕਿ ਉਹ ਹਿੰਸਾ ਦਾ ਸ਼ਿਕਾਰ ਹਨ ਜਾਂ ਹਿੰਸਾ ਦੇ ਪੀੜਤ ਦੇ ਪਰਿਵਾਰਕ ਮੈਂਬਰ ਹਨ। ਹਿੰਸਾ ਦੇ ਪੀੜਤਾਂ ਵਿੱਚ ਘਰੇਲੂ ਹਿੰਸਾ, ਜਿਨਸੀ ਹਮਲੇ, ਪਿੱਛਾ ਕਰਨਾ, ਹਿੰਸਕ ਧਮਕੀਆਂ, ਖ਼ਤਰਨਾਕ ਹਥਿਆਰ ਦੀ ਵਰਤੋਂ ਜਾਂ ਮੌਜੂਦਗੀ ਨਾਲ ਸਬੰਧਤ ਕਾਰਵਾਈਆਂ, ਜਾਂ ਸੱਟ ਪਹੁੰਚਾਉਣ ਵਾਲੀ ਕਿਸੇ ਵੀ ਹਿੰਸਾ ਦੇ ਪੀੜਤ ਸ਼ਾਮਲ ਹਨ।

## ਤੁਹਾਡਾ ਛੁੱਟੀ ਲੈਣ ਦਾ ਅਧਿਕਾਰ

- ਤੁਹਾਨੂੰ ਕਾਨੂੰਨੀ ਸੇਵਾ ਲਈ ਕੰਮ ਤੋਂ ਛੁੱਟੀ ਲੈਣ ਜਾਂ ਸੰਮਨ ਜਾਂ ਅਦਾਲਤ ਦੇ ਹੁਕਮ ਦੀ ਪਾਲਣਾ ਕਰਨ ਲਈ ਗਵਾਹ ਵਜੋਂ ਅਦਾਲਤ ਵਿੱਚ ਪੇਸ਼ ਹੋਣ ਦਾ ਅਧਿਕਾਰ ਹੈ। ਸਾਰੇ ਕਰਮਚਾਰੀਆਂ ਨੂੰ ਇਹ ਅਧਿਕਾਰ ਹੈ, ਭਾਵੇਂ ਰੁਜ਼ਗਾਰ ਦੇਣ ਵਾਲੇ ਦਾ ਆਕਾਰ ਕਿੰਨਾ ਵੀ ਹੋਵੇ।
- ਜੇਕਰ ਤੁਸੀਂ ਹਿੰਸਾ ਦਾ ਸ਼ਿਕਾਰ ਹੋ, ਤਾਂ ਤੁਹਾਨੂੰ ਆਪਣੀ ਜਾਂ ਤੁਹਾਡੇ ਬੱਚੇ ਦੀ ਸਿਹਤ, ਸੁਰੱਖਿਆ, ਜਾਂ ਭਲਾਈ ਦੀ ਰੱਖਿਆ ਲਈ ਰਾਹਤ (ਜਿਵੇਂ ਕਿ ਰੋਕ ਲਗਾਉਣ ਦਾ ਹੁਕਮ) ਪਰ੍ਾਪਤ ਕਰਨ ਲਈ ਕੰਮ ਤੋਂ ਛੁੱਟੀ ਲੈਣ ਦਾ ਅਧਿਕਾਰ ਹੈ। ਸਾਰੇ ਕਰਮਚਾਰੀਆਂ ਨੂੰ ਇਹ ਅਧਿਕਾਰ ਹੈ, ਭਾਵੇਂ ਰੁਜ਼ਗਾਰ ਦੇਣ ਵਾਲੇ ਦਾ ਆਕਾਰ ਕਿੰਨਾ ਵੀ ਹੋਵੇ।
- ਜੇਕਰ ਤੁਸੀਂ ਹਿੰਸਾ ਦਾ ਸ਼ਿਕਾਰ ਹੋ ਜਾਂ ਹਿੰਸਾ ਦੇ ਪੀੜਤ ਦੇ ਪਰਿਵਾਰਕ ਮੈਂਬਰ ਹੋ, ਅਤੇ ਤੁਹਾਡੇ ਮਾਲਕ ਕੋਲ 25 ਜਾਂ ਵੱਧ ਕਰਮਚਾਰੀ ਹਨ, ਤਾਂ ਤੁਹਾਨੂੰ ਹੇਠ ਲਿਖਿਆਂ ਕਾਰਨਾਂ ਵਿੱਚੋਂ ਕਿਸੇ ਵੀ ਕਾਰਨ ਕਰਕੇ ਕੰਮ ਤੋਂ ਛੁੱਟੀ ਲੈਣ ਦਾ ਅਧਿਕਾਰ ਹੈ:
  - ਭਵਿੱਖ ਵਿੱਚ ਹੋਣ ਵਾਲੀ ਹਿੰਸਾ ਤੋਂ ਤੁਹਾਨੂੰ ਜਾਂ ਤੁਹਾਡੇ ਪਰਿਵਾਰਕ ਮੈਂਬਰ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਸੁਰੱਖਿਆ ਯੋਜਨਾਬੰਦੀ ਜਾਂ ਹੋਰ ਕਾਰਵਾਈਆਂ ਵਿੱਚ ਹਿੱਸਾ ਲੈਣਾ
  - ਸਿਵਲ, ਪਰ੍ਸ਼ਾਸਕੀ, ਜਾਂ ਅਪਰਾਧਿਕ ਕਾਨੂੰਨੀ ਕਾਰਵਾਈਆਂ, ਜਿਵੇਂ ਕਿ ਹਿੰਸਾ ਨਾਲ ਸਬੰਧਤ ਅਦਾਲਤੀ ਸੁਣਵਾਈ ਦੀ ਤਿਆਰੀ ਕਰਨ, ਵਿੱਚ ਹਿੱਸਾ ਲੈਣ, ਜਾਂ ਹਾਜ਼ਰ ਹੋਣ ਲਈ
  - ਹਿੰਸਾ ਦੀ ਕਿਸੀ ਘਟਨਾ ਤੋਂ ਬਾਅਦ ਬੱਚੇ ਜਾਂ ਨਿਰਭਰ ਬਾਲਗ ਨੂੰ ਸੁਰੱਖਿਅਤ ਰੱਖਣ ਲਈ, ਜੇਕਰ ਦੇਖਭਾਲ ਜ਼ਰੂਰੀ ਹੋਵੇ, ਤਾਂ ਉਸ ਬੱਚੇ ਨੂੰ ਬਾਲ ਦੇਖਭਾਲ ਜਾਂ ਬਾਲਗ ਲਈ ਦੇਖਭਾਲ ਦੀ ਭਾਲ ਕਰਨਾ, ਪਰ੍ਾਪਤ ਕਰਨਾ ਜਾਂ ਪਰ੍ਦਾਨ ਕਰਨਾ
  - ਹਿੰਸਾ ਕਾਰਨ ਹੋਈਆਂ ਸੱਟਾਂ ਤੋਂ ਠੀਕ ਹੋ ਰਹੇ ਪਰਿਵਾਰਕ ਮੈਂਬਰ ਦੀ ਦੇਖਭਾਲ ਲਈ
  - o ਹਿੰਸਾ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਪਰ੍ਾਪਤ ਕਰਨ, ਜਾਂ ਪਰਿਵਾਰ ਦੇ ਕਿਸੇ ਮੈਂਬਰ ਨੂੰ ਪਰਾਪਤ ਕਰਾਉਣ ਵਿੱਚ ਮਦਦ ਕਰਨ ਲਈ: ਸਿਵਲ ਜਾਂ ਅਪਰਾਧਿਕ ਕਾਨੂੰਨੀ ਸੇਵਾਵਾਂ; ਇੱਕ ਰੋਕ ਲਗਾਉਣ ਦਾ ਹੁਕਮ ਜਾਂ ਹੋਰ ਰਾਹਤ; ਸੱਟਾਂ ਲਈ ਡਾਕਟਰੀ ਸਹਾਇਤਾ; ਘਰੇਲੂ ਹਿੰਸਾ ਆਸਰਾ ਜਾਂ ਪਰੋ੍ਗਰਾਮ ਤੋਂ ਸੇਵਾਵਾਂ, ਬਲਾਤਕਾਰ ਸੰਕਟ ਕੇਂਦਰ, ਜਾਂ ਪੀੜਤ ਸੇਵਾਵਾਂ ਸੰਗਠਨ ਜਾਂ ਏਜੰਸੀ, ਮਨੋਵਿਗਿਆਨਕ ਸਲਾਹ; ਮਾਨਸਿਕ ਸਿਹਤ ਸੇਵਾਵਾਂ; ਜਾਂ ਰਿਹਾਇਸ਼, ਜਿਸ ਵਿੱਚ ਸਥਾਨ ਬਦਲਣਾ, ਅਸਥਾਈ ਜਾਂ ਸਥਾਈ ਰਿਹਾਇਸ਼ ਪਰ੍ਾਪਤ ਕਰਨਾ, ਅਤੇ ਬੱਚਿਆਂ ਨੂੰ ਨਵੇਂ ਸਕੂਲ ਜਾਂ ਬਾਲ ਸੰਭਾਲ ਵਿੱਚ ਦਾਖਲ ਕਰਨਾ ਸ਼ਾਮਲ ਹੈ
- ਜੇਕਰ ਤੁਸੀਂ ਹਿੰਸਾ ਦਾ ਸ਼ਿਕਾਰ ਹੋ ਜਾਂ ਹਿੰਸਾ ਦੇ ਪੀੜਤ ਮਿਰ੍ਤਕ ਦੇ ਪਰਿਵਾਰਕ ਮੈਂਬਰ ਹੋ, ਤਾਂ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਕਾਰਨ ਕਰਕੇ 12 ਹਫ਼ਤਿਆਂ ਤੱਕ ਕੰਮ ਤੋਂ ਛੁੱਟੀ ਲੈ ਸਕਦੇ ਹੋ। ਜੇਕਰ ਤੁਸੀਂ ਹਿੰਸਾ ਦੇ ਕਿਸੇ ਜ਼ਿੰਦਾ ਪੀੜਤ ਦੇ ਪਰਿਵਾਰਕ ਮੈਂਬਰ ਹੋ ਪਰ ਖੁਦ ਪੀੜਤ ਨਹੀਂ ਹੋ, ਤਾਂ ਤੁਸੀਂ ਇਹਨਾਂ ਕਾਰਨਾਂ ਕਰਕੇ ਕੰਮ ਤੋਂ 10 ਦਿਨਾਂ ਤੱਕ ਦੀ ਛੁੱਟੀ ਲੈ ਸਕਦੇ ਹੋ, ਸਥਾਨ ਬਦਲਣ ਨੂੰ ਛੱਡ ਕੇ, ਜਿਸ ਲਈ ਤੁਸੀਂ ਪੰਜ ਦਿਨ ਤੱਕ ਦੀ ਛੁੱਟੀ ਲੈ ਸਕਦੇ ਹੋ।
- ਤੁਸੀਂ ਇਸ ਨੋਟਿਸ ਵਿੱਚ ਦੱਸੇ ਗਏ ਕਿਸੇ ਵੀ ਕਾਰਨ ਕਰਕੇ ਛੁੱਟੀ ਲੈਣ ਲਈ ਉਪਲਬਧ ਛੁੱਟੀਆਂ, ਭੁਗਤਾਨ ਵਾਲੀ ਛੁੱਟੀ, ਨਿੱਜੀ ਛੁੱਟੀ, ਜਾਂ ਭੁਗਤਾਨ ਵਾਲੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦੇ ਹੋ।
- ਛੁੱਟੀ ਲੈਣ ਤੋਂ ਪਹਿਲਾਂ ਤੁਹਾਨੂੰ ਆਪਣੇ ਮਾਲਕ ਨੂੰ ਪਹਿਲਾਂ ਤੋਂ ਸੂਚਿਤ ਕਰਨਾ ਚਾਹੀਦਾ ਹੈ, ਜਦੋਂ ਤੱਕ ਇਹ ਸੰਭਵ ਨਾ ਹੋਵੇ। ਜੇਕਰ ਤੁਸੀਂ ਪਹਿਲਾਂ ਤੋਂ ਸੂਚਨਾ ਨਹੀਂ ਦਿੰਦੇ, ਤਾਂ ਤੁਹਾਡਾ ਮਾਲਕ

ਤੁਹਾਨੂੰ ਅਨੁਸ਼ਾਸਿਤ ਨਹੀਂ ਕਰ ਸਕਦਾ ਜੇਕਰ ਤੁਸੀਂ ਆਪਣੀ ਗੈਰਹਾਜ਼ਰੀ ਦੇ ਕਾਰਨ ਦਾ ਸਮਰਥਨ ਕਰਦੇ ਹੋਏ ਵਾਜਬ ਸਮੇਂ ਦੇ ਅੰਦਰ ਮਾਲਕ ਨੂੰ ਦਸਤਾਵੇਜ਼ ਪਰ੍ਦਾਨ ਕਰਦੇ ਹੋ।

## ਤੁਹਾਡਾ ਗੁਪਤਤਾ ਦਾ ਅਧਿਕਾਰ

- ਜੇਕਰ ਤੁਸੀਂ ਪੀੜਤ ਜਾਂ ਪੀੜਤ ਦੇ ਪਰਿਵਾਰਕ ਮੈਂਬਰ ਹੋ, ਤਾਂ ਤੁਹਾਡੇ ਮਾਲਕ ਨੂੰ ਤੁਹਾਡੀ ਛੁੱਟੀ ਜਾਂ ਵਾਜਬ ਰਿਹਾਇਸ਼ ਦੀ ਬੇਨਤੀ ਬਾਰੇ ਜਾਣਕਾਰੀ ਗੁਪਤ ਰੱਖਣੀ ਚਾਹੀਦੀ ਹੈ ਜਦੋਂ ਤੱਕ ਕਿ ਸੰਘੀ ਜਾਂ ਰਾਜ ਦੇ ਕਾਨੂੰਨ ਦੁਆਰਾ ਖੁਲਾਸੇ ਦੀ ਲੋੜ ਨਹੀਂ ਹੁੰਦੀ, ਜਾਂ ਕੰਮ 'ਤੇ ਤੁਹਾਡੀ ਸੁਰੱਖਿਆ ਦੀ ਰੱਖਿਆ ਲਈ ਖੁਲਾਸੇ ਜ਼ਰੂਰੀ ਨਹੀਂ ਹੁੰਦੇ। ਜੇਕਰ ਤੁਹਾਡਾ ਮਾਲਕ ਤੁਹਾਡੇ ਜਾਂ ਤੁਹਾਡੇ ਹਾਲਾਤਾਂ ਬਾਰੇ ਜਾਣਕਾਰੀ ਦਾ ਖੁਲਾਸਾ ਕਰਨ ਦੀ ਯੋਜਨਾ ਬਣਾ ਰਿਹਾ ਹੈ, ਤਾਂ ਤੁਹਾਡੇ ਮਾਲਕ ਨੂੰ ਤੁਹਾਨੂੰ ਪਹਿਲਾਂ ਹੀ ਦੱਸਣਾ ਚਾਹੀਦਾ ਹੈ।

## ਤੁਹਾਡੀ ਸੁਰੱਖਿਆ ਲਈ ਵਾਜਬ ਰਿਹਾਇਸ਼ ਦਾ ਤੁਹਾਡਾ ਅਧਿਕਾਰ

- ਜੇਕਰ ਤੁਸੀਂ ਜਾਂ ਤੁਹਾਡੇ ਪਰਿਵਾਰ ਦਾ ਮੈਂਬਰ ਹਿੰਸਾ ਦਾ ਸ਼ਿਕਾਰ ਹੈ, ਤਾਂ ਤੁਹਾਨੂੰ ਕੰਮ 'ਤੇ ਸੁਰੱਖਿਅਤ ਰਹਿਣ ਲਈ ਵਾਜਬ ਰਿਹਾਇਸ਼ ਦੀ ਮੰਗ ਕਰਨ ਦਾ ਅਧਿਕਾਰ ਹੈ। ਤੁਹਾਡੇ ਮਾਲਕ ਨੂੰ ਇਹ ਦੇਖਣ ਲਈ ਤੁਹਾਡੇ ਨਾਲ ਕੰਮ ਕਰਨਾ ਚਾਹੀਦਾ ਹੈ ਕਿ ਕਿਹੜੀਆਂ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ।
- ਤੁਹਾਡਾ ਮਾਲਕ ਤੁਹਾਡੇ ਤੋਂ ਇੱਕ ਬਿਆਨ ਮੰਗ ਸਕਦਾ ਹੈ ਜੋ ਇਹ ਪਰ੍ਮਾਣਿਤ ਕਰੇਗਾ ਕਿ ਤੁਹਾਡੀ ਬੇਨਤੀ ਪੀੜਤ ਜਾਂ ਪੀੜਤ ਦੇ ਪਰਿਵਾਰਕ ਮੈਂਬਰ ਹੋਣ ਨਾਲ ਸਬੰਧਤ ਹੈ।

## ਬਦਲੇ ਅਤੇ ਵਿਤਕਰੇ ਤੋਂ ਮੁਕਤ ਹੋਣ ਦਾ ਤੁਹਾਡਾ ਅਧਿਕਾਰ

ਤੁਹਾਡਾ ਮਾਲਕ ਤੁਹਾਨੂੰ ਅਨੁਸ਼ਾਸਤ ਨਹੀਂ ਕਰ ਸਕਦਾ, ਤੁਹਾਡੇ ਨਾਲ ਵੱਖਰਾ ਵਿਵਹਾਰ ਨਹੀਂ ਕਰ ਸਕਦਾ, ਜਾਂ ਤੁਹਾਨੂੰ ਨੌਕਰੀ ਤੋਂ ਨਹੀਂ ਕੱਢ ਸਕਦਾ ਕਿਉਂਕਿ:

- ਤੁਸੀਂ ਘਰੇਲੂ ਹਿੰਸਾ, ਜਿਨਸੀ ਹਮਲੇ, ਪਿੱਛਾ ਕਰਨ, ਹਿੰਸਕ ਧਮਕੀਆਂ, ਜਾਂ ਹਿੰਸਾ ਜਿਸ ਕਾਰਨ ਸੱਟ ਲੱਗਦੀ ਹੈ, ਦੇ ਪੀੜਤ ਜਾਂ ਇਸਦੇ ਸ਼ਿਕਾਰ ਪੀੜਤ ਜਾਂ ਜੀਵਿਤ ਵਿਅਕਤੀ ਦੇ ਪਰਿਵਾਰਕ ਮੈਂਬਰ ਹੋ।
- ਤੁਸੀਂ ਠੀਕ ਹੋਣ ਜਾਂ ਹਿੰਸਾ ਨਾਲ ਸਬੰਧਤ ਮਦਦ ਪਰ੍ਾਪਤ ਕਰਨ ਲਈ ਕੰਮ ਤੋਂ ਛੁੱਟੀ ਮੰਗੀ ਸੀ।
- ਤੁਸੀਂ ਕੰਮ 'ਤੇ ਸੁਰੱਖਿਅਤ ਰਹਿਣ ਲਈ ਰਿਹਾਇਸ਼ ਦੀ ਮੰਗ ਕੀਤੀ ਸੀ।

## ਤੁਹਾਨੂੰ ਹੋਰ ਕਾਨੂੰਨਾਂ ਅਧੀਨ ਵੀ ਸੁਰੱਖਿਆ ਮਿਲ ਸਕਦੀ ਹੈ:

- **ਵੇਜ ਰਿਪਲੇਸਮੈਂਟ:** ਜੇਕਰ ਤੁਸੀਂ ਆਪਣੀ ਸਿਹਤ ਦੇ ਕਾਰਨ ਕੰਮ ਕਰਨ ਦੇ ਯੋਗ ਨਹੀਂ ਹੋ ਜਾਂ ਤੁਹਾਨੂੰ ਗੰਭੀਰ ਸਿਹਤ ਸਥਿਤੀ ਵਾਲੇ ਪਰਿਵਾਰਕ ਮੈਂਬਰ ਦੀ ਦੇਖਭਾਲ ਕਰਨ ਦੀ ਲੋੜ ਹੈ, ਤਾਂ ਤੁਸੀਂ ਵੇਜ ਰਿਪਲੇਸਮੈਂਟ ਦੇ ਯੋਗ ਹੋ ਸਕਦੇ ਹੋ। **ਸਟੇਟ ਡਿਸਏਬਿਲਟੀ ਇੰਸ਼ੋਰੈਂਸ (SDI)** ਥੋੜ੍ਹੇ ਸਮੇਂ ਲਈ ਵੇਜ ਰਿਪਲੇਸਮੈਂਟ ਪਰ੍ਦਾਨ ਕਰਦਾ ਹੈ ਜਦੋਂ ਤੁਸੀਂ ਅਸਥਾਈ ਤੌਰ 'ਤੇ ਕੰਮ ਕਰਨ ਤੋਂ ਅਯੋਗ ਹੋ ਜਾਂਦੇ ਹੋ। **ਪੇਡ ਫੈਮਿਲੀ ਲੀਵ (PFL)** ਥੋੜ੍ਹੇ ਸਮੇਂ ਲਈ ਵੇਜ ਰਿਪਲੇਸਮੈਂਟ ਪਰ੍ਦਾਨ ਕਰਦੀ ਹੈ ਤਾਂ ਜੋ ਤੁਸੀਂ ਹੋਰ ਕਾਰਨਾਂ ਦੇ ਨਾਲ-ਨਾਲ, ਇੱਕ ਗੰਭੀਰ ਰੂਪ ਵਿੱਚ ਬਿਮਾਰ ਪਰਿਵਾਰਕ ਮੈਂਬਰ ਦੀ ਦੇਖਭਾਲ ਕਰ ਸਕੋ। ਹੋਰ ਜਾਣਕਾਰੀ ਲਈ ਜਾਂ ਵੇਜ ਰਿਪਲੇਸਮੈਂਟ ਦਾਅਵਾ ਦਾਇਰ ਕਰਨ ਲਈ ਰੁਜ਼ਗਾਰ ਵਿਕਾਸ ਵਿਭਾਗ (EDD) ਨਾਲ ਔਨਲਾਈਨ (https://edd.ca.gov/) ਜਾਂ 800-480-3287 (SDI ਲਈ) ਜਾਂ 877-238-4373 (PFL ਲਈ) 'ਤੇ ਫ਼ੋਨ ਕਰਕੇ ਸੰਪਰਕ ਕਰੋ।
- **ਪਰਿਵਾਰਕ ਅਤੇ ਮੈਡੀਕਲ ਛੁੱਟੀ:** ਕੈਲੀਫੋਰਨੀਆ ਫੈਮਿਲੀ ਰਾਈਟ੍ਸ ਐਕਟ ਦੇ ਤਹਿਤ, ਤੁਹਾਨੂੰ ਆਪਣੀ ਜਾਂ ਪਰਿਵਾਰ ਦੇ ਕਿਸੇ ਮੈਂਬਰ ਦੀ ਗੰਭੀਰ ਸਿਹਤ ਸਥਿਤੀ ਜਾਂ ਬੱਚੇ ਦੇ ਜਨਮ, ਗੋਦ ਲੈਣ, ਜਾਂ ਪਾਲਣ-ਪੋਸ਼ਣ ਦੀ ਦੇਖਭਾਲ ਦੇ ਕਾਰਨ ਕੰਮ ਤੋਂ ਛੁੱਟੀ ਲੈਣ ਦਾ ਅਧਿਕਾਰ ਹੋ ਸਕਦਾ ਹੈ। ਪਰਿਵਾਰਕ ਅਤੇ ਮੈਡੀਕਲ ਛੁੱਟੀ ਬਾਰੇ ਹੋਰ ਜਾਣਕਾਰੀ ਲਈ, bit.ly/CRD-leave 'ਤੇ ਜਾਓ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋਈ ਹੈ ਤਾਂ ਤੁਸੀਂ CRD ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ।
- **ਬਿਰੀਵਮੈਂਟ ਛੁੱਟੀ:** ਬਿਰੀਵਮੈਂਟ ਛੁੱਟੀ ਯੋਗ ਕਰਮਚਾਰੀਆਂ ਨੂੰ ਪਰਿਵਾਰਕ ਮੈਂਬਰ ਦੀ ਮੌਤ ਦੇ ਤਿੰਨ ਮਹੀਨਿਆਂ ਦੇ ਅੰਦਰ ਪੰਜ ਦਿਨ ਤੱਕ ਕੰਮ ਤੋਂ ਛੁੱਟੀ ਲੈਣ ਦੀ ਆਗਿਆ ਦਿੰਦੀ ਹੈ। ਸਾਰੀ ਛੁੱਟੀ ਇੱਕੋ ਵਾਰ ਲੈਣ ਦੀ ਲੋੜ ਨਹੀਂ ਹੈ। ਬਿਰੀਵਮੈਂਟ ਛੁੱਟੀ ਸੁਰੱਖਿਆ ਬਾਰੇ ਹੋਰ ਜਾਣਕਾਰੀ ਲਈ bit.ly/CRD-Bereavement 'ਤੇ ਜਾਓ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋਈ ਹੈ ਤਾਂ ਤੁਸੀਂ CRD ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ।

- **ਕੁਝ ਅਪਰਾਧਾਂ ਲਈ ਅਦਾਲਤ ਵਿੱਚ ਹਾਜ਼ਰ ਹੋਣ ਲਈ ਛੁੱਟੀ:** ਜੇਕਰ ਤੁਸੀਂ ਕੁਝ ਖਾਸ ਅਪਰਾਧਾਂ ਦੇ ਪੀੜਤ ਹੋ ਜਾਂ ਕੁਝ ਖਾਸ ਅਪਰਾਧਾਂ ਦੇ ਪੀੜਤ ਦੇ ਪਰਿਵਾਰਕ ਮੈਂਬਰ ਹੋ, ਤਾਂ ਤੁਹਾਨੂੰ ਲੇਬਰ ਕੋਡ ਦੀਆਂ ਧਾਰਾਵਾਂ 230.2 ਅਤੇ 230.5 ਦੇ ਤਹਿਤ ਸਬੰਧਤ ਅਦਾਲਤੀ ਕਾਰਵਾਈਆਂ ਵਿੱਚ ਸ਼ਾਮਲ ਹੋਣ ਲਈ ਕੰਮ ਤੋਂ ਛੁੱਟੀ ਲੈਣ ਦਾ ਅਧਿਕਾਰ ਹੈ। ਤੁਸੀਂ bit.ly/DIR-Retaliation 'ਤੇ ਜਾ ਕੇ ਉਦਯੋਗਿਕ ਸਬੰਧ ਵਿਭਾਗ ਦੇ ਅੰਦਰ ਲੇਬਰ ਕਮਿਸ਼ਨਰ ਦੇ ਦਫ਼ਤਰ ਵਿੱਚ ਹੋਰ ਜਾਣਕਾਰੀ ਪਰ੍ਹਾਪਤ ਕਰ ਸਕਦੇ ਹੋ ਜਾਂ ਸ਼ਿਕਾਇਤ ਦਰਜ ਕਰ ਸਕਦੇ ਹੋ।

## ਸ਼ਿਕਾਇਤ ਦਰਜ ਕਰਨ ਲਈ

ਸਿਵਲ ਰਾਈਟ੍ਸ ਵਿਭਾਗ ਨਾਲ ਸੰਪਰਕ ਕਰੋ ਜੇਕਰ ਤੁਹਾਡੇ ਆਪਣੇ ਅਧਿਕਾਰਾਂ ਬਾਰੇ ਕੋਈ ਸਵਾਲ ਹਨ ਜਾਂ ਤੁਸੀਂ ਸ਼ਿਕਾਇਤ ਦਰਜ

**ਕਰਵਾਉਣਾ ਚਾਹੁੰਦੇ ਹੋ:** (Civil Rights Department)

http://ccrs.calcivilrights.ca.gov/s/ 'ਤੇ ਔਨਲਾਈਨ

ਮੇਲ ਰਾਹੀਂ 651 Bannon Street, Suite 200, Sacramento, CA 95811 'ਤੇ

800-884-1684 (voice), 800-700-2320 (TTY), 711 'ਤੇ ਕੈਲੀਫੋਰਨੀਆ ਦੀ ਰਿਲੇ ਸਰਵਿਸ ਨੂੰ ਕਾਲ ਕਰਕੇ।